**Orders of Station Allotment, School Librarian**

**ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ ਸਿੱਖਿਆ), ਪੰਜਾਬ, ਐਸ.ਏ.ਐਸ ਨਗਰ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ-ਈ, ਮੰਜਿਲ- ਚੌਥੀ, ਸੈਕਟਰ-62, ਐਸ.ਏ.ਐਸ. ਨਗਰ**
**(ਦਫ਼ਤਰੀ ਅਮਲਾ ਸ਼ਾਖਾ)**

ਹੁਕਮ ਨੰ. 223726/DPISE-ME0ESTB/54/2021-ਦਅ (2)

ਮਿਤੀ: 23.09.2024

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 693 ਆਸਾਮੀਆਂ ਭਰਨ ਲਈ ਮਿਤੀ 02.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾਂ ਦੀ ਸੂਚੀ ਮਿਤੀ 20.07.2024 ਨੂੰ ਵਿਭਾਗ ਦੀ ਵੈਬਸਾਈਟ http://www.ssapunjab.org ਤੇ ਅਪਲੋਡ ਕੀਤੀ ਗਈ ਸੀ। ਇਹਨਾਂ ਸਿਲੈਕਟ ਹੋਏ ਉਮੀਦਵਾਰਾਂ ਵਿੱਚੋਂ ਕਿਰਨ ਬਾਲਾ ਉਮੀਦਵਾਰ ਨੂੰ ਮਿਤੀ 23.09.2024 ਨੂੰ ਨਿਯੁਕਤੀ ਪੱਤਰ/ਪੇਸ਼ਕਸ਼ ਜਾਰੀ ਕਰਨ ਉਪਰੰਤ ਸਟੇਸ਼ਨ ਚੋਣ ਕਰਵਾਈ ਗਈ ਸੀ।

2.0 ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਜਾਰੀ ਨਿਯੁਕਤੀ ਪੱਤਰ ਦੀ ਲਗਾਤਾਰਤਾ ਵਿੱਚ ਹੁਣ ਉਸਨੂੰ ਹੇਠ ਲਿਖੇ ਅਨੁਸਾਰ ਸਟੇਟਸ਼ ਅਲਾਟ ਕੀਤਾ ਜਾਂਦ ਹੈ-

| Sr. No. | Application No. | Name and Father Name | Category | Category of recommendation | School name |
|---|---|---|---|---|---|
| 1 | PSSSBH04008573 | KIRAN BALA S/D/o Sh. VED PARKASH | GEN | OPEN | GSSS MAUJGARH FAZILKA |

3.0 ਉਪਰੋਕਤ ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਅਲਾਟ ਕੀਤੇ ਗਏ ਸਟੇਸ਼ਨ ਤੇ ਹਾਜ਼ਰ ਹੋਣ ਸਬੰਧੀ 7 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ।

4.0 ਇਸ ਭਰਤੀ ਨਾਲ ਸਬੰਧਤ ਸਿਵਲ ਰਿੱਟ ਪਟੀਸ਼ਨ 16661 ਆਫ 2022 ਮੋਨਿਕਾ ਬਾਵਾ ਬਨਾਮ ਪੰਜਾਬ ਸਰਕਾਰ ਅਤੇ ਹੋਰ ਅਤੇ ਵੱਖ ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਦੇ ਭਵਿੱਖ ਵਿੱਚ ਆਉਣ ਵਾਲੇ ਫੈਸਲੇ ਇਸ ਨਿਯੁਕਤੀ ਤੇ ਲਾਗੂ ਹੋਣਗੇ।

5.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਤਾਇਨਾਤੀ ਵਾਲੇ ਸਟੇਸ਼ਨ ਤੇ ਆਪਣੀ ਹਾਜ਼ਰੀ ਰਿਪੋਰਟ ਅਤੇ ਮੈਡੀਕਲ ਫਿਟਨੈਸ ਸਰਟੀਫਿਕੇਟ ਸਬੰਧਤ ਸਕੂਲ ਮੁੱਖੀ ਨੂੰ ਪੇਸ਼ ਕਰਨਗੇ। ਉਸ ਦੀ ਤਨਖਾਹ ਸਕੂਲ ਵਿੱਚ ਹਾਜ਼ਰੀ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।

6.0 ਉਪਰੋਕਤ ਨਵ- ਨਿਯੁਕਤ ਸਕੂਲ ਲਾਇਬ੍ਰੇਰੀਅਨ ਸਕੂਲ ਵਿੱਚ ਹਾਜ਼ਰ ਹੋਣ ਸਮੇਂ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਸਲ ਆਧਾਰ ਕਾਡਰ ਅਤੇ ਨਿਯੁਕਤੀ ਪੱਤਰ ਦੀ ਕਾਪੀ ਵੀ ਲੈ ਕੇ ਜਾਵੇਗੀ।

7.0 ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਵੱਖਰੇ ਤੌਰ ਤੇ ਡਾਇਰੈਕਟੋਰੇਟ ਨੂੰ ਨਹੀਂ ਭੇਜੀ ਜਾਵੇਗੀ।

8.0 ਉਪੋਰਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਆਪਣੀ ਹਾਜ਼ਰੀ ਉਪਰੰਤ ਆਪਣਾ ਸਾਰਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਨਾ ਯਕੀਨੀ ਬਣਾਵੇਗੀ। ਡਾਇਰੈਕਟੋਰੇਟ ਵੱਲੋਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਦੀ ਹਾਜ਼ਰੀ ਸਬੰਧੀ ਰਿਪੋਰਟ ਈ-ਪੰਜਾਬ ਪੋਰਟਲ ਤੋਂ ਹੀ ਪ੍ਰਾਪਤ ਕੀਤੀ ਜਾਵੇਗੀ। ਜੇਕਰ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨ ਦੇ ਅੰਦਰ ਅੰਦਰ

ਅਪਲੋਡ ਨਹੀਂ ਕੀਤਾ ਜਾਂਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਨੌਕਰੀ ਕਰਨ ਵਿੱਚ ਰੁਚੀ ਨਹੀਂ ਰੱਖਦੀ, ਇਸ ਲਈ ਉਸ ਨੂੰ ਗੈਰਹਾਜ਼ਰ ਸਮਝਦੇ ਹੋਏ ਉਸ ਦੀਆਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾਵੇਗੀ।

ਬਾਕੀ ਸ਼ਰਤਾਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਜਾਰੀ ਨਿਯੁਕਤੀ ਪੱਤਰ ਵਾਲੀਆਂ ਹੀ ਲਾਗੂ ਹੋਣਗੀਆਂ।

ਪਰਮਜੀਤ ਸਿੰਘ, ਪੀ.ਸੀ.ਐਸ

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰ. ਉਕਤ/ 2024303516 ਮਿਤੀ, ਐਸ.ਏ.ਐਸ ਨਗਰ: 26-11-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।

2 ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪੰਜਾਬ

3 ਸਬੰਧਤ ਸਕੂਲ ਮੁੱਖੀ ਨੂੰ ਭੇਜ ਕੇ ਹਦਾਇਤੀ ਕੀਤੀ ਜਾਂਦੀ ਹੈ ਕਿ ਨਵ-ਨਿਯੁਕਤ ਲਾਇਬ੍ਰੇਰੀਅਨ ਦੀ ਸਿਲੈਕਸ਼ਨ ਲਿਸਟ ਪਹਿਲਾਂ ਹੀ ਵਿਭਾਗ ਦੀ ਵੈਬਸਾਈਟ http://www.ssapunjab.org ਤੇ ਅਪਲੋਡ ਕੀਤੀ ਹੋਈ ਹੈ। ਉਹ ਇਸ ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਹੇਠ ਲਿਖਿਆਂ ਹਦਾਇਤਾਂ ਦੀ ਪਾਲਣਾ ਕਰਨਗੇ:

- ❖ ਨਵ-ਨਿਯੁਕਤ ਲਾਇਬ੍ਰੇਰੀ ਦਾ ਮੈਡੀਕਲ ਫਿਟਨੈਸ ਸਰਟੀਫਿਕੇਟ ਚੈਕ ਕਰਨਗੇ ਅਤੇ ਫਿਟ ਪਾਏ ਜਾਣ ਉਪਰੰਤ ਹੀ ਨਵ ਨਿਯੁਕਤ ਲਾਇਬ੍ਰੇਰੀਅਨ ਨੂੰ ਜੁਆਇੰਨ ਕਰਵਾਉਣਗੇ।
- ❖ ਨਵ-ਨਿਯੁਕਤ ਲਾਇਬ੍ਰੇਰੀਅਨ ਦੇ ਵਿਦਿਅਕ ਯੋਗਤਾ ਸਬੰਧੀ ਮੁਕੰਮਲ ਦਸਤਾਵੇਜ਼ ਅਤੇ ਇਸ ਸਿਲੈਕਸ਼ਨ ਸਬੰਧੀ ਵੇਰਵੇ ਬਾਰਿਕੀ ਨਾਲ ਚੈਕ ਕਰਨਗੇ ਅਤੇ ਸਬੰਧਤ ਸੰਸਥਾ ਤੋਂ ਵੈਰੀਫਾਈ ਕਰਵਾਉਣਗੇ। ਦਸਤਾਵੇਜ ਵੈਰੀਫਿਕੇਸ਼ਨ ਉਪਰੰਤ ਜੇਕਰ ਕਰਮਚਾਰੀ ਦੀ ਰਿਪੋਰਟ ਠੀਕ ਨਹੀਂ ਪਾਈ ਜਾਂਦੀ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਂਹੀ ਕਰਮਚਾਰੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।
- ❖ ਉਸ ਨੂੰ ਹਾਜ਼ਰ ਕਰਵਾਉਣ ਉਪਰੰਤ ਉਸ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
- ❖ ਨਵ-ਨਿਯੁਕਤ ਲਾਇਬ੍ਰੇਰੀਅਨ ਦੀ ਹਾਜ਼ਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)